# ਬੌਧਿਕ ਜਾਇਦਾਦ (ਇੰਟਲੈਕਚੁਅਲ ਪ੍ਰਾਪਰਟੀ)

ਜਦੋਂ ਤੁਸੀਂ ਆਪਣਾ ਕਾਰੋਬਾਰ ਸ਼ੁਰੂ ਕਰ ਰਹੇ ਹੋਵੋ ਜਾਂ ਚਲਾ ਰਹੇ ਹੋਵੋ ਤਾਂ ਤੁਸੀਂ ਆਪਣੀ ਬੌਧਿਕ ਜਾਇਦਾਦ (ਇੰਟਲੈਕਚੁਅਲ ਪ੍ਰਾਪਰਟੀ ਆਈ ਪੀ) ਨੂੰ ਸੁਰੱਖਿਅਤ ਕਰਨਾ ਚਾਹੋਗੇ Info entrepreneurs ਤੁਹਾਡਾ ਵਪਾਰ ਦੀ ਜਾਣਕਾਰੀ ਦਾ ਸੰਪਰਕ ਹੈ। ਪਹਿਲਾਂ ਸਾਡੇ ਕੋਲ ਆਵੋ ਅਤੇ ਲੋੜੀਂਦੀ ਜਾਣਕਾਰੀ ਭਾਲਣ ਵਿਚ ਸਾਨੂੰ ਮਦਦ ਕਰਨ ਦੇਵੋ।

ਆਈ ਪੀ ਕਿਸੇ ਵਿਚਾਰ, ਕਾਢ, ਜਾਂ ਉਦਯੋਗੀ, ਵਿਗਿਆਨਕ, ਸਾਹਿਤਕ ਜਾਂ ਕਲਾ ਦੇ ਖੇਤਰ ਵਿਚ ਸਿਰਜਣਾ ਉੱਪਰ ਕਾਨੂੰਨੀ ਹੱਕ ਹੁੰਦਾ ਹੈ। ਤੁਹਾਡੇ ਕਾਰੋਬਾਰ ਦੀ ਆਈ ਪੀ ਵਿਚ ਸ਼ਾਮਲ ਹੋ ਸਕਦੇ ਹਨ: ਚਿੰਨ, ਨਾਂਅ, ਤਸਵੀਰਾਂ ਅਤੇ ਨਮੂਨੇ।

ਆਪਣੀ ਆਈ ਪੀ ਦਾ ਬਚਾਅ ਕਰਕੇ, ਤੁਸੀਂ ਬੌਧਿਕ ਰਚਨਾ `ਤੇ ਆਪਣੀ ਮਾਲਕੀ ਅਤੇ ਹੱਕ ਸਥਾਪਤ ਕਰਦੇ ਹੋ ਅਤੇ ਮੁਕਾਬਲੇ ਦੇ ਲੋਕਾਂ ਵਲੋਂ ਇਸ ਨੂੰ ਕਾਪੀ ਕਰਨ ਜਾਂ ਉਹਦੇ ਵਰਗੀ ਕੋਈ ਰਚਨਾ ਕਰਨ ਤੋਂ ਰੋਕਦੇ ਹੋ। ਆਈ ਪੀ ਤੁਹਾਡੇ ਕਾਰੋਬਾਰ ਦੀ ਭਿੰਨ ਪਛਾਣ, ਚਿੱਤਰ ਅਤੇ ਸ਼ੁਹਰਤ ਨੂੰ ਸੁਰੱਖਿਅਤ ਰੱਖਦਾ ਹੈ।

## ਬੌਧਿਕ ਜਾਇਦਾਦ ਦੀਆਂ ਆਮ ਕਿਸਮਾਂ

ਪੇਟੈਂਟ: ਹੱਕ, ਸਰਕਾਰ ਦੁਆਰ ਪ੍ਰਵਾਨਤ, ਦੂਜਿਆਂ ਨੂੰ ਤੁਹਾਡੀ ਕਾਢ ਨੂੰ ਕੈਨੇਡਾ ਵਿੱਚ ਬਣਾਉਣ, ਵਰਤਣ ਜਾਂ ਵੇਚਣ ਤੋਂ ਰੋਕਦਾ ਹੈ।

ਵਿਉਪਾਰ ਚਿੰਨ੍ਹ: ਇੱਕ ਸ਼ਬਦ ਹੈ ਜਾਂ ਹਨ, ਨਮੂਨਾ, ਜਾਂ ਇਨ੍ਹਾਂ ਦਾ ਮਿਸ਼ਰਣ, ਜੋ ਕਿਸੇ ਵਿਅਕਤੀ ਜਾਂ ਜਥੇਬੰਦੀ ਦੀਆਂ ਵਸਤਾਂ ਜਾਂ ਸੇਵਾਵਾਂ ਦੀ ਪਛਾਣ ਸਥਾਪਤ ਕਰਨ ਲਈ ਵਰਤਿਆ ਜਾਂਦਾ ਹੈ।

ਕਾਪੀਰਾਈਟ: ਦਾ ਅਰਥ ਹੈ "ਨਕਲ ਕਰਨ ਦਾ ਹੱਕ" ਅਤੇ ਇਸ ਅਧੀਨ ਸਾਰੇ ਮੌਲਿਕ ਕਲਾਤਮਿਕ ਕੰਮ ਆਉਂਦੇ ਹਨ (ਜਿਵੇਂ ਸੰਗੀਤ, ਪੇਸ਼ਕਾਰੀਆਂ, ਫਿਲਮਾਂ, ਕਿਤਾਬਾਂ, ਸੰਗ-ਤਰਾਸ਼ੀ, ਸਾਫਟਵੇਅਰ)। ਆਮ ਤੌਰ ਤੇ ਕਾਪੀਰਾਈਟ ਦੇ ਮਾਲਕ ਨੂੰ ਹੀ ਕਿਸੇ ਵਸਤ ਨੂੰ ਬਣਾਉਣ ਜਾਂ ਦੁਬਾਰਾ ਬਣਾਉਣ ਦਾ ਹੱਕ ਹੁੰਦਾ ਹੈ ਜਾਂ ਉਹ ਕਿਸੇ ਹੋਰ ਨੂੰ ਇਹ ਹੱਕ ਦੇ ਸਕਦਾ ਹੈ।

ਉਦਯੋਗੀ ਰੂਪ-ਰੇਖਾ: ਕਿਸੇ ਆਕਾਰ ਦੇ ਦਿਸਦੇ ਪੱਖ, ਰੂਪਰੇਖਾ, ਢਾਂਚਾ ਜਾਂ ਓਰਨਾਮੈਂਟ (ਜਾਂ ਕੋਈ ਵੀ ਮਿਸ਼ਰਨ) ਹੱਥ, ਸੰਦ ਜਾਂ ਮਸ਼ੀਨ ਨਾਲ ਬਣਾਈ ਕਿਸੇ ਚੀਜ਼ ਨੂੰ ਲੱਗਾ ਹੋਇਆ।



Acclr, par le biais de son service d'intelligence d'affaires, reçoit le soutien financier de Développement économique Canada pour les régions du Québec et est membre du Réseau Entreprises Canada.

Acclr, through its business intelligence department, receives financial support from Canada Economic Development for Quebec Regions and is a member of the Canada Business Network.

Développement économique Canada pour les régions du Québec
Canada Economic Development for Quebec Regions